# ਪਾਕਿਸਤਾਨ ਵਿਖੇ ਇਸਲਾਮਿਕ ਸਹਿਯੋਗ ਸੰਗਠਨ ਦੀ ਮੀਟਿੰਗ ਵਿੱਚ ਪਾਸ ਕੀਤੇ ਗਏ ਮਤਿਆਂ ਅਤੇ ਦਿੱਤੇ ਗਏ ਬਿਆਨਾਂ ਵਿੱਚ ਭਾਰਤ ਦੇ ਹਵਾਲੇ ਬਾਰੇ ਮੀਡੀਆ ਵੱਲੋਂ ਪੁੱਛੇ ਗਏ ਸਵਾਲਾਂ ਦਾ ਸਰਕਾਰੀ ਬੁਲਾਰੇ ਵਲੋਂ ਦਿੱਤਾ ਗਿਆ ਜਵਾਬ

ਮਾਰਚ 24, 2022

**ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਪਾਕਿਸਤਾਨ ਵਿੱਚ ਇਸਲਾਮਿਕ ਸਹਿਯੋਗ ਸੰਗਠਨ ਦੀ ਮੀਟਿੰਗ ਵਿੱਚ ਪਾਸ ਕੀਤੇ ਗਏ ਮਤਿਆਂ ਅਤੇ ਦਿੱਤੇ ਗਏ ਬਿਆਨਾਂ ਵਿੱਚ ਭਾਰਤ ਦੇ ਹਵਾਲਿਆਂ ਬਾਰੇ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ ਇਹ ਕਿਹਾ ਕਿ:**

"ਮੀਟਿਗ ਵਿੱਚ ਪਾਸ ਕੀਤੇ ਗਏ ਮਤੇ ਅਤੇ ਬਿਆਨ, ਇਸਲਾਮਕਿ ਸਹਯਿੋਗ ਸੰਗਠਨ ਦੀ ਇੱਕ ਸੰਸਥਾ ਵਜੋ ਅਪ੍ਰਸੰਗਕਿਤਾ ਅਤੇ ਹੇਰ-ਫੇਰ ਕਰਨ ਵਾਲੇ ਪਾਕਸਿਤਾਨ ਦੀ ਭੂਮਕਿਾ ਦੋਵਾਂ ਨੂੰ ਦਰਸਾਉਂਦੇ ਹਨ।

ਜੋ ਹਵਾਲੇ ਭਾਰਤ ਨੂੰ ਦਿੱਤੇ ਗਏ ਹਨ, ਉਹ ਝੂਠ ਅਤੇ ਗਲਤ ਬਆਿਨੀ ਉੱਤੇ ਅਧਾਰਤ ਹਨ। ਘੱਟ ਗਣਿਤੀਆਂ ਨਾਲ ਵਵਿਹਾਰ ਬਾਰੇ ਟਿੱਪਣੀ ਕਰਨ ਵਾਲੀ ਇਸ ਸੰਸਥਾ ਦੀ ਬੇਹੂਦਗੀ, ਪਾਕਸਿਤਾਨ ਵਰਗੇ ਲੜੀਵਾਰ ਮਨੁੱਖੀ ਅਧਕਿਾਰਾਂ ਦੀ ਉਲੰਘਣਾ ਕਰਨ ਵਾਲੇ ਦੇਸ਼ ਦੇ ਇਸ਼ਾਰੇ ਉੱਤੇ, ਬਹੁਤ ਸਪੱਸ਼ਟ ਹੈ।

ਜਹਿੜੇ ਰਾਸ਼ਟਰ ਅਤੇ ਸਰਕਾਰਾਂ ਆਪਣੇ ਆਪ ਨੂੰ ਅਜਹੀਆਂ ਰਵਾਇਿਤਾਂ ਨਾਲ ਜੋੜਦੀਆਂ ਹਨ, ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਸ ਦਾ ਉਨ੍ਹਾਂ ਦੀ ਇੱਜ਼ਤ ਉੱਤੇ ਕੀ ਅਸਰ ਪੈਂਦਾ ਹੈ।"

**ਨਵੀਂ ਦਿੱਲੀ**
**ਮਾਰਚ 24, 2022**

DISCLAIMER: This is an approximate translation. The original is available in English on MEA's website and may be referred to as the official press release.